ਪੰਜਾਬ ਸਰਕਾਰ
ਸਿੱਖਿਆ ਵਿਭਾਗ

(ਵੈਬਸਾਈਟ ਰਾਹੀਂ)

ਵੱਲ:

ਸਮੂਹ ਸਕੂਲ ਮੁਖੀ।

ਮੀਮੋ ਨੰ: AD(6)/SSE/2018/401109
ਮਿਤੀ: 25.06.18

ਵਿਸ਼ਾ :- ਸਕੂਲ ਮੁਖੀਆਂ ਵੱਲੋਂ ਰੋਜ਼ਾਨਾ ਘੱਟੋ-ਘੱਟ 2 ਬੱਚਿਆਂ ਦੀ counseling ਕਰਨ ਸੰਬੰਧੀ।

1) ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2) ਜਿਵੇਂ ਕਿ ਆਪ ਜਾਣਦੇ ਹੋ ਕਿ ਅਜੋਕੇ ਸਮੇਂ ਵਿੱਚ ਸਾਡੇ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਵਿੱਚੋਂ ਕਈ ਬੱਚੇ ਮਾਨਸਿਕ, ਭਾਵਨਾਤਮਿਕ ਅਤੇ ਮਨੋ-ਵਿਗਿਆਨਿਕ ਸਮੱਸਿਆ ਦਾ ਸਾਹਮਣਾ ਕਰ ਰਹੇ ਹੁੰਦੇ ਹਨ। ਜਿਸ ਨਾਲ ਨਾ ਕੇਵਲ ਉਨ੍ਹਾਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੈ ਬਲਕਿ ਕਈ ਵਾਰ ਉਹ ਮਾੜੀ ਸੰਗਤ ਵਿੱਚ ਵੀ ਪੈ ਕੇ ਨਸ਼ਿਆਂ ਆਦਿ ਵਰਗੀਆਂ ਭੈੜੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਬੱਚੇ ਸਕੂਲ ਅਤੇ ਘਰਾਂ ਵਿੱਚ ਅਨੁਸਾਸ਼ਨਹੀਨਤਾ ਫੈਲਾਉਂਦੇ ਹਨ ਅਤੇ ਉਨ੍ਹਾਂ ਵੱਲੋਂ ਆਪਣੇ-ਆਪ ਨੂੰ ਨੁਕਸਾਨ ਪਹੁੰਚਾਉਣ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ। ਸਕੂਲ ਮੁਖੀ ਅਜਿਹੇ ਬੱਚਿਆਂ ਦੀ counseling ਕਰਕੇ ਉਨ੍ਹਾਂ ਨੂੰ ਸਹੀ ਸੇਧ ਦੇ ਸਕਦੇ ਹਨ, ਜਿਸ ਦੇ ਨਤੀਜੇ ਵੱਜੋਂ ਉਨ੍ਹਾਂ ਦੀ ਪੜ੍ਹਾਈ 'ਤੇ ਸਕਾਰਾਤਮਕ ਅਸਰ ਪੈਣ ਦੇ ਨਾਲ-ਨਾਲ ਉਹ ਇੱਕ ਚੰਗੇ ਇਨਸਾਨ ਬਣ ਸਕਦੇ ਹਨ।

3) ਉਕਤ ਦੇ ਸਨਮੁੱਖ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਰ ਰੋਜ਼ ਆਪਣੇ ਸਕੂਲ ਦੇ ਘੱਟੋ-ਘੱਟ 2 ਅਜਿਹੇ ਬੱਚਿਆਂ ਦੀ counseling ਕਰਨ, ਜਿਨ੍ਹਾਂ ਨੂੰ counseling ਦੀ ਜ਼ਰੂਰਤ ਹੈ।

4) ਸਕੂਲ ਮੁਖੀ 2 ਬੱਚਿਆਂ ਦੀ counseling ਕਰਨ ਦਾ ਕਾਰਜ ਕਿਸੇ ਹੋਰ ਅਧਿਆਪਕ ਨੂੰ ਸੌਂਪਣ ਦੀ ਬਜਾਏ ਖੁਦ ਕਰਨਗੇ।

5) ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

ਪਿੱਠਅੰਕਣ ਨੰ: ਉਕਤ ਮਿਤੀ: 25.06.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.), ਪੰਜਾਬ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
4. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
5. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
6. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.,ਐ.ਸਿੱ.)।
7. ਸਮੂਹ ਜ਼ਿਲ੍ਹਾ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

ਸਕੱਤਰ,
ਸਕੂਲ ਸਿੱਖਿਆ, ਪੰਜਾਬ